# ਬੈਟਰ ਵਰਕ ਨਾਓ।




ਤੁਸੀਂ ਆਪਣੇ ਕੰਮ 'ਤੇ ਨੁਮਾਇੰਦਗੀ
ਦੇ ਹੱਕਦਾਰ ਹੋ।

**BetterWorkNow.ca**

UNITED STEELWORKERS
USW®
DISTRICT 3

# ਵਰਕਰਾਂ ਨੂੰ ਜੌਬ ’ਤੇ ਆਪਣੀ ਨੁਮਾਇੰਦਗੀ ਦੀ ਲੋੜ ਹੈ

ਕੈਨੇਡਾ ਭਰ ਵਿਚ, ਸਾਰੀਆਂ ਕਿਸਮਾਂ ਦੀਆਂ ਜੌਬਾਂ ਵਿਚ ਲੋਕਾਂ ਲਈ ਹਾਲਤਾਂ ਔਖੀਆਂ ਹੋ ਰਹੀਆਂ ਹਨ। ਪਰ ਅਸਲੀਅਤ ਇਹ ਹੈ ਕਿ ਇਸ ਤਰ੍ਹਾਂ ਹੋਣ ਦੀ ਲੋੜ ਨਹੀਂ ਹੈ – ਤੁਸੀਂ ਚੰਗੀਆਂ ਤਬਦੀਲੀਆਂ ਕਰਨ ਦਾ ਹਿੱਸਾ ਬਣ ਸਕਦੇ ਹੋ।

ਜ਼ਿਆਦਾ ਤੋਂ ਜ਼ਿਆਦਾ ਲੋਕ ਉਸ ਕੰਮ ਦੀ ਹਿਮਾਇਤ ਕਰ ਰਹੇ ਹਨ ਜਿਹੜਾ ਯੂਨੀਅਨਾਂ ਉਹ ਤਬਦੀਲੀਆਂ ਕਰਨ ਲਈ ਕਰ ਰਹੀਆਂ ਹਨ ਜਿਨ੍ਹਾਂ ਦੀ ਵਰਕਰਾਂ ਨੂੰ ਲੋੜ ਹੈ।

## ਯੂਨੀਅਨ ਤੋਂ ਬਿਨਾਂ ਵਰਕਰ

- ✗ ਤਨਖਾਹਾਂ ਵਿਚ ਵਾਧਿਆਂ ਦਾ ਪਤਾ ਨਹੀਂ ਹੁੰਦਾ ਜਾਂ ਇਨ੍ਹਾਂ ਦੀ ਕੋਈ ਗਰੰਟੀ ਨਹੀਂ ਹੁੰਦੀ।
- ✗ ਤੁਹਾਡਾ ਕੰਮ-ਮਾਲਕ ਤੁਹਾਡੀ ਸਹਿਮਤੀ ਜਾਂ ਰਾਇ ਤੋਂ ਬਿਨਾਂ ਤਨਖਾਹਾਂ, ਬੈਨੇਫਿਟਸ ਜਾਂ ਕੰਮ ਦੀਆਂ ਹਾਲਤਾਂ ਵਿਚ ਤਬਦੀਲੀ ਕਰ ਸਕਦਾ ਹੈ।
- ✗ ਬੋਲਣ ਦੇ ਸਿੱਟੇ ਭੁਗਤਣੇ ਪੈ ਸਕਦੇ ਹਨ।
- ✗ ਸਾਰਾ ਕੰਟਰੋਲ ਮੈਨੇਜਮੈਂਟ ਦਾ ਹੁੰਦਾ ਹੈ ਅਤੇ ਉਹ ਹੀ ਸਾਰੇ ਫੈਸਲੇ ਕਰਦੀ ਹੈ।
- ✗ ਤੁਹਾਨੂੰ ਆਪਣਾ ਕੇਸ ਖੁਦ ਪੇਸ਼ ਕਰਨਾ ਪੈਂਦਾ ਹੈ।
- ✗ ਆਦਰ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਕੀ ਤੁਹਾਡਾ ਮੈਨੇਜਰ ਚੰਗਾ ਹੈ।
- ✗ ਤੁਹਾਨੂੰ ਕਿਸੇ ਵੀ ਕਾਰਨ ਕਰਕੇ, ਕਿਸੇ ਵੇਲੇ ਵੀ ਨਾਜ਼ਾਇਜ਼ ਢੰਗ ਨਾਲ ਅਨੁਸਾਸ਼ਤ ਕੀਤਾ ਜਾਂ ਕੰਮ ਤੋਂ ਹਟਾਇਆ ਜਾ ਸਕਦਾ ਹੈ।

# ਯੂਨੀਅਨ ਦਾ ਫਾਇਦਾ

- ✔ ਬਿਹਤਰ ਤਨਖਾਹਾਂ ਅਤੇ ਸੁਧਰੇ ਹੋਏ ਬੈਨੇਫਿਟਸ।
- ✔ ਰਿਟਾਇਰਮੈਂਟ ਦੀ ਸੁਰੱਖਿਆ।
- ✔ ਕੰਮ-ਜ਼ਿੰਦਗੀ ਦਾ ਸੰਤੁਲਨ।
- ✔ ਸੇਫਟੀ ਲਈ ਰਖਵਾਲੀਆਂ ਅਤੇ ਕੰਮ ਵਾਲੀਆਂ ਥਾਂਵਾਂ ਪਰੇਸ਼ਾਨ ਕੀਤੇ ਜਾਣ ਅਤੇ ਧੱਕੇਸ਼ਾਹੀ ਤੋਂ ਮੁਕਤ।
- ✔ ਤੁਹਾਡੀ ਅਤੇ ਤੁਹਾਡੇ ਸਾਥੀ ਵਰਕਰਾਂ ਦੀ ਜੌਬ 'ਤੇ ਗੱਲ ਸੁਣੀ ਜਾਵੇਗੀ।

## ਯੂਨੀਅਨ ਵਾਲੇ ਵਰਕਰ

- ਤੁਸੀਂ ਜਾਣਦੇ ਹੋ ਕਿ ਤੁਹਾਡੀ ਤਨਖਾਹ ਕਦੋਂ ਵਧੇਗੀ ਅਤੇ ਇਹ ਕਿੰਨੀ ਹੋਵੇਗੀ।
- ਤੁਹਾਡੇ ਕੋਲ ਕਾਨੂੰਨੀ ਕੌਨਟਰੈਕਟ ਹੁੰਦਾ ਹੈ ਜਿਹੜਾ ਤੁਹਾਡੀਆਂ ਤਨਖਾਹਾਂ, ਬੈਨੇਫਿਟਸ ਅਤੇ ਕੰਮ ਦੀਆਂ ਹਾਲਤਾਂ ਦੀ ਰੱਖਿਆ ਕਰਦਾ ਹੈ।
- ਤੁਸੀਂ ਜੌਬ ਦੀ ਸਕਿਉਰਟੀ ਲਈ ਡਰ ਤੋਂ ਬਿਨਾਂ ਕੰਮ ਦੀ ਥਾਂ ਦੇ ਆਪਣੇ ਫਿਕਰ ਜ਼ਾਹਰ ਕਰ ਸਕਦੇ ਹੋ।
- ਤੁਹਾਡੇ ਅਤੇ ਤੁਹਾਡੇ ਸਾਥੀ ਵਰਕਰਾਂ ਦੇ ਆਪਣੇ ਕੌਨਟਰੈਕਟ ਬਾਰੇ ਵਿਚਾਰ ਲਏ ਜਾਂਦੇ ਹਨ।
- ਤੁਹਾਡੇ ਕੋਲ ਪੇਸ਼ਾਵਰ ਵਕੀਲਾਂ ਅਤੇ ਕਾਨੂੰਨੀ ਸਲਾਹ ਦੀ ਮਦਦ ਹੁੰਦੀ ਹੈ।
- ਤੁਹਾਡੇ ਨਾਲ ਕੰਮ 'ਤੇ ਵਾਜਬ ਅਤੇ ਆਦਰ ਵਾਲਾ ਵਰਤਾਉ ਹੁੰਦਾ ਹੈ।
- ਬੇਇਨਸਾਫੀ ਜਾਂ ਧੱਕੇਸ਼ਾਹੀ ਵਾਲੇ ਅਨੁਸਾਸ਼ਨ ਦਾ ਵਿਰੋਧ ਕਰਨ ਲਈ ਤੁਹਾਡੇ ਕੋਲ ਨਿਸ਼ਚਤ ਕਾਰਵਾਈ ਰਾਹੀਂ ਸੁਰੱਖਿਆ ਹੁੰਦੀ ਹੈ।

# ਯੂਨਾਈਟਡ ਸਟੀਲਵਰਕਰਜ਼ ਵਿਚ ਸ਼ਾਮਲ ਕਿਉਂ ਹੋਣਾ ਹੈ?

ਯੂ ਐੱਸ ਡਬਲਯੂ ਉੱਤਰੀ ਅਮਰੀਕਾ ਵਿਚ ਪ੍ਰਾਈਵੇਟ ਸੈਕਟਰ ਦੀ ਸਭ ਤੋਂ ਵੱਡੀ ਯੂਨੀਅਨ ਹੈ ਜਿਸ ਦੇ ਕੈਨੇਡਾ ਭਰ ਵਿਚ 225,000 ਨਾਲੋਂ ਜ਼ਿਆਦਾ ਮੈਂਬਰ ਹਨ।

ਹਰ ਸਾਲ, ਹਜ਼ਾਰਾਂ ਵਰਕਰ, ਕੰਮ ਦੀਆਂ ਥਾਂਵਾਂ ਨੂੰ ਸੁਰੱਖਿਅਤ ਬਣਾਉਣ ਦੇ ਅਤੇ ਕੰਮ ਦੀਆਂ ਬਿਹਤਰ ਹਾਲਤਾਂ ਅਤੇ ਵਾਜਬ ਤਨਖਾਹਾਂ ਲਈ ਸਮਝੌਤੇ ਕਰਨ ਦੇ ਸਾਡੇ ਵਧੀਆ ਰਿਕਾਰਡ ਕਾਰਨ, ਯੂ ਐੱਸ ਡਬਲਯੂ ਵਿਚ ਸ਼ਾਮਲ ਹੋਣ ਦੀ ਚੋਣ ਕਰਦੇ ਹਨ।

ਸਾਡੇ ਕੋਲ ਦੇਸ਼ ਭਰ ਦੀਆਂ ਇੰਡਸਟਰੀਆਂ ਵਿਚ ਕੁਝ ਸਭ ਤੋਂ ਬਿਹਤਰ ਕੌਂਟਰੈਕਟ ਹਨ।



"ਯੂਨੀਅਨ ਨੇ ਜੌਬ ਉਪਰਲੇ ਮਸਲਿਆਂ ਦੇ ਹੱਲ ਲੱਭਣ ਲਈ ਸਾਨੂੰ ਇਕੱਠੇ ਕੀਤਾ ਹੈ ਅਤੇ ਇਕ ਬਹੁਤ ਵਧੀਆ ਕੌਂਟਰੈਕਟ ਕਰਵਾਇਆ ਹੈ।"

"ਇਹ ਪੱਕਾ ਕਰਨ ਲਈ ਯੂਨੀਅਨ ਤੁਹਾਡੀ ਅਤੇ ਤੁਹਾਡੇ ਸਾਥੀ ਵਰਕਰਾਂ ਦੀ ਮਦਦ ਕਰੇਗੀ ਕਿ ਤੁਹਾਡੀ ਗੱਲ ਕੰਮ 'ਤੇ ਸੁਣੀ ਜਾ ਰਹੀ ਹੈ।"





"ਕੰਮ ਵਾਲੀਆਂ ਥਾਂਵਾਂ ਵਿਚ ਇਨਸਾਫ ਹਾਸਲ ਕਰਨ ਲਈ ਯੂ ਐੱਸ ਡਬਲਯੂ ਟਰੇਨਿੰਗ, ਵਸੀਲੇ ਅਤੇ ਸਿੱਖਣ ਦੇ ਮੌਕੇ ਪ੍ਰਦਾਨ ਕਰਦੀ ਹੈ।"

## ਯੂ ਐੱਸ ਡਬਲਯੂ ਸਾਰੇ ਸੈਕਟਰਾਂ ਵਿਚ ਵਰਕਰਾਂ ਦੀ ਨੁਮਾਇੰਦਗੀ ਕਰਦੀ ਹੈ।

ਸਾਡੀ ਯੂਨੀਅਨ 1942 ਵਿਚ ਸਟੀਲ ਇੰਡਸਟਰੀ ਵਿਚ ਸ਼ੁਰੂ ਹੋਈ ਸੀ ਅਤੇ ਉਦੋਂ ਤੋਂ ਲੈ ਕੇ ਇਹ ਮਾਣ ਨਾਲ ਦੇਸ਼ ਦੇ ਸਾਰੇ ਇਲਾਕਿਆਂ ਵਿਚਲੀ ਤਕਰੀਬਨ ਹਰ ਇੰਡਸਟਰੀ ਵਿਚ, ਤਕਰੀਬਨ ਹਰ ਜੌਬ ਵਿਚਲੇ ਵਰਕਰਾਂ ਨੂੰ ਸ਼ਾਮਲ ਕਰਨ ਲਈ ਫੈਲ ਗਈ ਹੈ।

ਸਾਡੇ ਵਰਕਰ ਇਨ੍ਹਾਂ ਵਿਚ ਕੰਮ ਕਰਦੇ ਹਨ:

- ਸਾਅਮਿੱਲਾਂ
- ਸਟੀਲ ਮਿੱਲਾਂ
- ਕਾਲ ਸੈਂਟਰ
- ਕਰੈਡਿਟ ਯੂਨੀਅਨਾਂ
- ਮਾਈਨਾਂ
- ਏਅਰਪੋਰਟਾਂ
- ਮੈਨੂਫੈਕਚਰਿੰਗ
- ਦਫਤਰ
- ਆਇਲ ਰਿਫਾਈਨਰੀਆਂ
- ਸਕਿਉਰਟੀ ਕੰਪਨੀਆਂ
- ਨਰਸਿੰਗ ਹੋਮ
- ਟੈਲੀਕੌਮ
- ਕੌਫੀ ਸ਼ੌਪਾਂ
- ਰੈਸਟੋਰੈਂਟ
- ਲੀਗਲ ਕਲੀਨਿਕ
- ਯੂਨੀਵਰਸਿਟੀਆਂ
- ਹੋਰ ਬਹੁਤ ਸਾਰੀਆਂ ਇੰਡਸਟਰੀਆਂ!

## ਤੁਹਾਡੇ ਹੱਕ ਹਨ!

ਤੁਹਾਨੂੰ ਯੂਨੀਅਨ ਵਿਚ ਸ਼ਾਮਲ ਹੋਣ ਅਤੇ ਇਸ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਦਾ ਹੱਕ ਹੈ।

ਤੁਹਾਨੂੰ ਕਿਸੇ ਵੀ ਤਰ੍ਹਾਂ ਕੰਮ ਤੋਂ ਹਟਾਉਣਾ, ਸਸਪੈਂਡ ਕਰਨਾ ਜਾਂ ਤੁਹਾਨੂੰ ਸਜ਼ਾ ਦੇਣਾ ਤੁਹਾਡੇ ਕੰਮ-ਮਾਲਕ ਲਈ ਗੈਰਕਾਨੂੰਨੀ ਹੈ।



# ਕੀ ਤੁਸੀਂ ਹੁਣ ਬਿਹਤਰ ਕੰਮ ਦੇ ਹੱਕਦਾਰ ਨਹੀਂ ਹੋ?

ਆਪਣੀ ਕੰਮ ਵਾਲੀ ਥਾਂ 'ਤੇ ਯੂਨਾਈਟਡ ਸਟੀਲਵਰਕਰਜ਼ ਯੂਨੀਅਨ ਹੋਣ ਦੇ ਫਾਇਦੇ:

- ✔ ਬਿਹਤਰ ਤਨਖਾਹ ਅਤੇ ਬੈਨੇਫਿਟਸ
- ✔ ਇਨਸਾਫ ਅਤੇ ਜੌਬ ਸੁਰੱਖਿਆ
- ✔ ਜੌਬ ਉੱਪਰ ਸੇਫਟੀ
- ✔ ਕੰਮ 'ਤੇ ਇਕ ਆਵਾਜ਼ ਅਤੇ ਆਦਰ

ਹਰ ਕੋਈ ਯੂਨੀਅਨ ਦਾ ਹੱਕਦਾਰ ਹੈ।

UNITED STEELWORKERS
USW®
DISTRICT 3

ਅਗਲਾ ਕਦਮ ਚੁੱਕੋ, ਸਾਨੂੰ ਅੱਜ ਹੀ ਫੋਨ ਕਰੋ।

## ਦੀਪਕ ਕੁਲਾਰ

## 778-893-6784

ਤੁਹਾਡੇ ਵਲੋਂ ਸਾਨੂੰ ਦਿੱਤੀ ਗਈ ਕੋਈ ਵੀ ਜਾਣਕਾਰੀ 100% ਗੁਪਤ ਰੱਖੀ ਜਾਂਦੀ ਹੈ ਅਤੇ ਤੁਹਾਡੇ ਕੰਮ-ਮਾਲਕ ਨੂੰ ਕਦੀ ਵੀ ਇਹ ਪਤਾ ਨਹੀਂ ਲੱਗੇਗਾ ਕਿ ਤੁਸੀਂ ਯੂਨਾਈਟਡ ਸਟੀਲਵਰਕਰਜ਼ ਨਾਲ ਸੰਪਰਕ ਕੀਤਾ ਸੀ।

USWDistrict 3    USWDistrict 3

USWDistrict 3    www.betterworknow.ca

<sru-sdr, cope-sepb 343>